# Signing of Agreement between the Government of the Republic of India and the Government of the Federal Republic of Germany on a Comprehensive Migration and Mobility Partnership

December 05, 2022

## ਭਾਰਤੀ ਗਣਰਾਜ ਸਰਕਾਰ ਅਤੇ ਜਰਮਨੀ ਸੰਘੀ ਗਣਰਾਜ ਦੀ ਸਰਕਾਰ ਵਿਚਕਾਰ ਵਿਆਪਕ ਪ੍ਰਵਾਸ ਅਤੇ ਗਤੀਸ਼ੀਲਤਾ ਭਾਈਵਾਲੀ ਬਾਰੇ ਸਮਝੌਤੇ 'ਤੇ ਦਸਤਖ਼ਤ

5 ਦਸੰਬਰ, 2022

2019 ਵਿੱਚ ਭਾਰਤ ਅਤੇ ਜਰਮਨੀ ਦਰਮਿਆਨ ਵਟਾਂਦਰੇ ਅਤੇ ਗਤੀਸ਼ੀਲਤਾ ਭਾਈਵਾਲੀ ਦੇ ਮੁੱਖ ਤੱਤਾਂ ਬਾਰੇ ਇਰਾਦਾ ਬਿਆਨ ਨੂੰ ਲਾਗੂ ਕਰਦੇ ਹੋਏ ਭਾਰਤ ਅਤੇ ਜਰਮਨੀ ਸੰਘੀ ਗਣਰਾਜ ਦੀ ਸਰਕਾਰ ਨੇ ਵਿਆਪਕ ਪ੍ਰਵਾਸ ਅਤੇ ਗਤੀਸ਼ੀਲਤਾ ਭਾਈਵਾਲੀ ਬਾਰੇ ਸਮਝੌਤੇ 'ਤੇ ਦਸਤਖ਼ਤ ਕੀਤੇ। ਵਿਦੇਸ਼ ਮੰਤਰੀ ਡਾ. ਐੱਸ . ਜੈਸ਼ੰਕਰ ਅਤੇ ਸੰਘੀ ਵਿਦੇਸ਼ ਮੰਤਰੀ ਅਨਾਲੇਨਾ ਬੇਰਬੌਕ ਨੇ ਕ੍ਰਮਵਾਰ ਭਾਰਤ ਸਰਕਾਰ ਅਤੇ ਜਰਮਨੀ ਸਰਕਾਰ ਤਰਫੋਂ ਸਮਝੌਤਿਆਂ 'ਤੇ ਦਸਤਖ਼ਤ ਕੀਤੇ।

ਇਹ ਸਮਝੌਤਾ ਭਾਰਤ ਦੀ ਜਰਮਨੀ ਨਾਲ ਤੇਜ਼ੀ ਨਾਲ ਵੱਧ ਰਹੀ ਬਹੁ-ਪੱਖੀ ਰਣਨੀਤਕ ਭਾਈਵਾਲੀ ਦਾ ਸਬੂਤ ਹੈ। ਜਰਮਨ ਸਕਿਲਡ ਇਮੀਗ੍ਰੇਸ਼ਨ ਐਕਟ 2020 ਸਦਕਾ ਗੈਰ-ਯੂਰਪੀ ਦੇਸ਼ਾਂ ਦੇ ਕਾਮਿਆਂ ਲਈ ਮੌਕਿਆਂ ਦਾ ਵਿਸਤਾਰ ਹੋਇਆ ਹੈ। 2023 ਦੇ ਸ਼ੁਰੂ ਵਿੱਚ ਅਪਣਾਏ ਜਾਣ ਵਾਲੇ ਇੱਕ ਨਵੇਂ ਕਾਨੂੰਨ ਦੇ ਜ਼ਰੀਏ ਜਰਮਨੀ ਸਰਕਾਰ ਵਿਦੇਸ਼ਾਂ ਤੋਂ ਯੋਗ ਕਾਮਿਆਂ ਦੇ ਇਮੀਗ੍ਰੇਸ਼ਨ ਵਿੱਚ ਵੱਡੀ ਸਹੂਲਤ ਦੇਣ ਜਾ ਰਹੀ ਹੈ। ਭਾਰਤ-ਜਰਮਨੀ MMPA ਸੰਭਾਵੀ ਲੇਬਰ ਮਾਰਕੀਟ ਡੈਸਟੀਨੇਸ਼ਨ ਦੇਸ਼ਾਂ ਨਾਲ ਸਮਝੌਤਿਆਂ ਦਾ ਨੈਟਵਰਕ ਬਣਾਉਣ ਦੇ ਸਮੁੱਚੇ ਯਤਨਾਂ ਦਾ ਹਿੱਸਾ ਹੈ ਜਿਸਦੇ ਦੋ ਉਦੇਸ਼ਾਂ ਹਨ ਭਾਰਤੀਆਂ ਲਈ ਇਹਨਾਂ ਦੇਸ਼ਾਂ ਦੇ ਲੇਬਰ ਬਜ਼ਾਰ ਤੱਕ ਪਹੁੰਚ ਕਰਨ ਲਈ ਆਸਾਂ ਬਣਾਉਣਾ ਅਤੇ ਅਨੁਕੂਲ ਵੀਜ਼ਾ ਪ੍ਰਣਾਲੀ ਬਣਾਉਣਾ।

ਸਮਝੌਤੇ ਵਿੱਚ ਹੁਨਰਾਂ ਅਤੇ ਪ੍ਰਤਿਭਾਵਾਂ ਦੇ ਵਟਾਂਦਰੇ ਨੂੰ ਉਤਸ਼ਾਹਿਤ ਕਰਨ ਲਈ ਗਤੀਸ਼ੀਲਤਾ ਅਤੇ ਰੁਜ਼ਗਾਰ ਦੇ ਮੌਕਿਆਂ ਨੂੰ ਸੁਖਾਲਾ ਬਣਾਉਣ ਲਈ ਵਿਸ਼ੇਸ਼ ਪ੍ਰਬੰਧ ਸ਼ਾਮਲ ਹਨ। ਇਨ੍ਹਾਂ ਵਿੱਚ ਨਵੀਂ ਦਿੱਲੀ ਵਿੱਚ ਅਕਾਦਮਿਕ ਮੁਲਾਂਕਣ ਕੇਂਦਰ, ਵਿਦਿਆਰਥੀਆਂ ਨੂੰ ਅਠਾਰਾਂ ਮਹੀਨਿਆਂ ਲਈ ਵਧਿਆ ਰਿਹਾਇਸ਼ੀ ਪਰਮਿਟ, ਸਾਲਾਨਾ ਤਿੰਨ ਹਜ਼ਾਰ ਜੌਬ ਸੀਕਰ ਵੀਜ਼ਾ, ਉਦਾਰੀਕਰਨ ਵਾਲੇ ਸ਼ਾਰਟ ਸਟੇਅ ਮਲਟੀਪਲ ਐਂਟਰੀ ਵੀਜ਼ੇ ਅਤੇ ਸੁਚਾਰੂ ਰੀਡਮਿਸ਼ਨ ਪ੍ਰਕਿਰਿਆਵਾਂ ਸ਼ਾਮਲ ਹਨ। ਇਸ ਸਮਝੌਤੇ ਤਹਿਤ ਪਰਵਾਸ ਅਤੇ ਗਤੀਸ਼ੀਲਤਾ ਦੇ ਖੇਤਰ ਵਿੱਚ ਸਹਿਯੋਗ ਨੂੰ ਹੋਰ ਡੂੰਘਾ ਕਰਨ ਲਈ ਸਾਂਝਾ ਸੰਯੁਕਤ ਕਾਰਜ ਸਮੂਹ ਦੀ ਸਥਾਪਨਾ ਕੀਤੀ ਜਾਵੇਗੀ। ਸਮਝੌਤੇ 'ਤੇ

ਦਸਤਖ਼ਤ ਹੋਣ ਦੇ ਮੌਕੇ ਭਾਰਤ ਵਿੱਚ ਜਰਮਨੀ ਦੇ ਰਾਜਦੂਤ ਡਾਕਟਰ ਫਿਲਿਪ ਐਕਰਮੈਨ ਅਤੇ ਭਾਰਤ ਅਤੇ ਜਰਮਨੀ ਸਰਕਾਰ ਦੇ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

ਨਵੀਂ ਦਿੱਲੀ
5 ਦਸੰਬਰ, 2022

DISCLAIMER: This is an approximate translation. The original is available in English on MEA's website and may be referred to as the official press release.